


# ਇਸ ਸਰਜਰੀ ਵਿੱਚ ਸਾਡੇ ਨਾਲ ਸੰਪਰਕ ਕਰਨ ਦੇ ਤਿੰਨ ਤਰੀਕੇ ਹਨ।

## ਸਾਡੇ ਸੁਵਿਧਾਜਨਕ, ਸੁਰੱਖਿਅਤ ਔਨਲਾਈਨ ਫਾਰਮ ਦੀ ਵਰਤੋਂ ਕਰੋ, ਸਾਨੂੰ ਕਾਲ ਕਰੋ ਜਾਂ ਪ੍ਰੈਕਟਿਸ 'ਤੇ ਜਾਓ।

Your health matters

Help us help you

## ਸਾਡੇ ਤੱਕ ਪਹੁੰਚਣ ਦੇ ਸਭ ਤੋਂ ਵਧੀਆ ਤਰੀਕੇ

ਇਹ ਕੋਈ ਰਾਜ਼ ਨਹੀਂ ਹੈ ਕਿ ਸਾਡੀਆਂ ਸਰਜਰੀਆਂ ਪਹਿਲਾਂ ਨਾਲੋਂ ਵਧੇਰੇ ਰੁਝੇਵਿਆਂ ਵਾਲੀਆਂ ਰਹੀਆਂ ਹਨ। ਇਸ ਲਈ ਹੁਣ ਸਾਡੇ ਨਾਲ ਸੰਪਰਕ ਕਰਨ ਦੇ ਹੋਰ ਤਰੀਕੇ ਹਨ।

ਤੁਸੀਂ ਹੁਣ ਸਾਡੀ ਵੈੱਬਸਾਈਟ 'ਤੇ ਇੱਕ ਸੁਰੱਖਿਅਤ ਆਨਲਾਈਨ ਫਾਰਮ ਦੀ ਵਰਤੋਂ ਕਰ ਸਕਦੇ ਹੋ। ਬੱਸ ਕੁਝ ਸਵਾਲਾਂ ਦੇ ਜਵਾਬ ਦਿਓ, ਭੇਜੋ 'ਤੇ ਕਲਿੱਕ ਕਰੋ, ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਤੁਹਾਨੂੰ ਉਹ ਮਦਦ ਅਤੇ ਸਹਾਇਤਾ ਮਿਲੇ ਜੋ ਤੁਹਾਡੇ ਲਈ ਸਹੀ ਹੈ। ਅਤੇ, ਹਮੇਸ਼ਾ ਦੀ ਤਰ੍ਹਾਂ, ਤੁਸੀਂ ਫ਼ੋਨ ਰਾਹੀਂ ਜਾਂ ਸਾਡੇ ਕੋਲ ਆ ਕੇ ਸਾਡੇ ਨਾਲ ਸੰਪਰਕ ਕਰਨ ਦੀ ਚੋਣ ਕਰ ਸਕਦੇ ਹੋ।

## ਤੁਹਾਨੂੰ ਵਾਪਸ ਸੰਪਰਕ ਕਰਨਾ

ਪਰ ਜੇ ਤੁਸੀਂ ਸਾਡੇ ਨਾਲ ਸੰਪਰਕ ਕਰਨ ਦੀ ਚੋਣ ਕਰਦੇ ਹੋ, ਤਾਂ ਸਾਡੀ ਡਾਕਟਰੀ ਟੀਮ ਤੁਹਾਡੇ ਵਿਲੱਖਣ ਹਾਲਾਤਾਂ ਦੇ ਆਧਾਰ 'ਤੇ ਜਵਾਬ ਦੇਵੇਗੀ।

ਅਗਲੇ ਕਦਮ ਤੁਹਾਡੀਆਂ ਲੋੜਾਂ ਦੇ ਅਨੁਸਾਰ ਹੋਣਗੇ: ਉਦਾਹਰਨ ਲਈ ਇਹ ਇੱਕ ਵਿਅਕਤੀਗਤ ਮੁਲਾਕਾਤ, ਫ਼ੋਨ ਜਾਂ ਵੀਡੀਓ ਸਲਾਹ-ਮਸ਼ਵਰਾ, ਜਾਂ ਇੱਕ ਸਧਾਰਣ ਟੈਕਸਟ ਸੁਨੇਹਾ ਹੋ ਸਕਦਾ ਹੈ ਜੋ ਤੁਹਾਨੂੰ ਖ਼ੂਨ ਦੀ ਜਾਂਚ ਲਈ ਆਉਣ ਲਈ ਸੱਦਾ ਦਿੰਦਾ ਹੈ।




## ਤੁਹਾਡੀ ਸਥਾਨਕ ਫਾਰਮੇਸੀ ਟੀਮ ਤੋਂ ਮਦਦ

ਤੁਹਾਡਾ ਸਥਾਨਕ ਕਮਿਊਨਿਟੀ ਫਾਰਮਾਸਿਸਟ ਅਤੇ ਉਹਨਾਂ ਦੀ ਟੀਮ ਛੋਟੀਆਂ-ਮੋਟੀਆਂ ਬਿਮਾਰੀਆਂ ਵਿੱਚ ਮਦਦ ਅਤੇ ਸਹਾਇਤਾ ਕਰ ਸਕਦੀ ਹੈ। ਸਮਰਪਿਤ, ਯੋਗ ਸਿਹਤ ਪੇਸ਼ੇਵਰਾਂ, ਅਤੇ ਦਵਾਈਆਂ ਦੇ ਮਾਹਰਾਂ ਵਜੋਂ, ਉਹ ਡਾਕਟਰੀ ਸਲਾਹ, ਸਲਾਹ-ਮਸ਼ਵਰੇ ਅਤੇ ਓਵਰ-ਦਾ-ਕਾਊਂਟਰ ਦਵਾਈਆਂ ਦੀ ਪੇਸ਼ਕਸ਼ ਕਰ ਸਕਦੇ ਹਨ ਤਾਂ ਜੋ ਬਹੁਤ ਤਰ੍ਹਾਂ ਦੀਆਂ ਛੋਟੀਆਂ-ਮੋਟੀਆਂ ਸਿਹਤ ਸੰਬੰਧੀ ਚਿੰਤਾਵਾਂ ਦਾ ਸੁਰੱਖਿਅਤ ਤਰੀਕੇ ਨਾਲ ਪ੍ਰਬੰਧਨ ਕਰਨ ਵਿੱਚ ਮਦਦ ਕੀਤੀ ਜਾ ਸਕੇ। ਬਹੁਤ ਸਾਰੀਆਂ ਫਾਰਮੇਸੀਆਂ ਬਲੱਡ ਪ੍ਰੈਸ਼ਰ ਟੈਸਟਿੰਗ ਸਮੇਤ ਬਹੁਤ ਤਰ੍ਹਾਂ ਦੀਆਂ ਨਵੀਆਂ NHS ਕਲੀਨਿਕੀ ਸੇਵਾਵਾਂ ਦੀ ਪੇਸ਼ਕਸ਼ ਵੀ ਕਰਦੀਆਂ ਹਨ।

## ਜ਼ਰੂਰੀ ਡਾਕਟਰੀ ਮਦਦ ਵਾਸਤੇ

ਜੇ ਤੁਹਾਨੂੰ ਕੋਈ ਜ਼ਰੂਰੀ ਡਾਕਟਰੀ ਸਮੱਸਿਆ ਹੈ ਅਤੇ ਤੁਹਾਨੂੰ ਸਮਝ ਨਹੀਂ ਆ ਰਿਹਾ ਕਿ ਕੀ ਕਰਨਾ ਹੈ, ਤਾਂ **NHS 111** ਮਦਦ ਕਰ ਸਕਦੀ ਹੈ। ਕਾਲ ਕਰੋ ਜਾਂ ਆਨਲਾਈਨ ਜਾਓ, **111.nhs.uk.**

ਜ਼ਿੰਦਗੀ ਦੇ ਖ਼ਤਰੇ ਵਾਲੀਆਂ ਐਮਰਜੈਂਸੀ ਸਥਿਤੀਆਂ ਲਈ, 999 'ਤੇ ਡਾਇਲ ਕਰੋ।




# ਤੁਹਾਡੀ ਮਦਦ ਕਰਨ ਵਿੱਚ, ਸਾਡੀ ਮਦਦ ਕਰੋ

ਦੇਖਭਾਲ ਦੀ ਬੇਨਤੀ ਕਰਦੇ ਸਮੇਂ, ਭਾਵੇਂ ਔਨਲਾਈਨ, ਫ਼ੋਨ ਰਾਹੀਂ ਜਾਂ ਵਿਅਕਤੀਗਤ ਤੌਰ 'ਤੇ, ਜੇਕਰ ਤੁਸੀਂ ਸਮਝਾਉਂਦੇ ਹੋ ਕਿ ਕੀ ਗੜਬੜ ਹੈ ਤਾਂ ਇਸ ਨਾਲ ਸਾਨੂੰ ਮਦਦ ਮਿਲਦੀ ਹੈ। ਇਸ ਨਾਲ ਯਕੀਨੀ ਬਣਦਾ ਹੈ ਕਿ ਤੁਹਾਨੂੰ ਸਹੀ ਸਮੇਂ 'ਤੇ ਸਹੀ ਵਿਅਕਤੀ ਤੋਂ - ਉਦਾਹਰਨ ਲਈ, ਡਾਕਟਰ ਜਾਂ ਨਰਸ ਜੋ ਆਮ ਤੌਰ 'ਤੇ ਤੁਹਾਡਾ ਇਲਾਜ ਕਰਦਾ ਹੈ - ਲੋੜੀਂਦੀ ਦੇਖਭਾਲ ਮਿਲੇ। ਇਸ ਨਾਲ ਸਾਡੀ ਡਾਕਟਰੀ ਟੀਮ ਨੂੰ ਉਹਨਾਂ ਲੋਕਾਂ ਨੂੰ ਤਰਜੀਹ ਦੇਣ ਵਿੱਚ ਵੀ ਮਦਦ ਮਿਲਦੀ ਹੈ ਜਿਨ੍ਹਾਂ ਨੂੰ ਸਭ ਤੋਂ ਵੱਧ ਸੰਭਾਲ ਦੀ ਲੋੜ ਹੈ।

ਜੇ ਤੁਸੀਂ ਇਹ ਕਹਿਣਾ ਪਸੰਦ ਨਹੀਂ ਕਰਦੇ ਕਿ ਕੀ ਗੜਬੜ ਹੈ - ਉਦਾਹਰਨ ਲਈ, ਸਾਡੀ ਰਿਸੈਪਸ਼ਨ ਟੀਮ ਨਾਲ ਗੱਲਬਾਤ ਕਰਦੇ ਸਮੇਂ - ਤਾਂ ਉਹ ਹਮੇਸ਼ਾ ਤੁਹਾਡੀ ਗੁਪਤਤਾ ਦਾ ਆਦਰ ਕਰਨਗੇ। ਪਰ, ਇਹ ਪੁੱਛਣਾ ਉਨ੍ਹਾਂ ਦੇ ਕੰਮ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਇਸ ਲਈ ਇਸ ਵਿੱਚ ਤੁਹਾਡੀ ਸਹਾਇਤਾ ਲਈ ਤੁਹਾਡਾ ਧੰਨਵਾਦ।

ਵਧੇਰੇ ਜਾਣਕਾਰੀ ਲਈ, ਸਰਜਰੀ ਦੀ ਵੈੱਬਸਾਈਟ 'ਤੇ ਜਾਓ ਜਾਂ ਅਗਲੀ ਵਾਰ ਜਦੋਂ ਤੁਸੀਂ ਸੰਪਰਕ ਕਰੋ ਤਾਂ ਸਾਡੇ ਨਾਲ ਗੱਲਬਾਤ ਕਰੋ।

ਇਹ ਕਿਤਾਬਚਾ ਵਿਕਲਪਕ ਫਾਰਮੈਟਾਂ ਅਤੇ ਭਾਸ਼ਾਵਾਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਆਪਣੀ GP ਪ੍ਰੈਕਟਿਸ ਨਾਲ ਸੰਪਰਕ ਕਰੋ। **england.pccomms@nhs.net** ਰਾਹੀਂ ਬ੍ਰੇਲ ਸੰਸਕਰਣਾਂ ਦੀ ਬੇਨਤੀ ਕੀਤੀ ਜਾ ਸਕਦੀ ਹੈ।

ਕਿਰਪਾ ਕਰਕੇ ਪ੍ਰੈਕਟਿਸ 'ਤੇ ਜਾਂਦੇ ਸਮੇਂ ਕੋਰੋਨਾਵਾਇਰਸ ਇਨਫੈਕਸ਼ਨ ਦੀ ਰੋਕਥਾਮ ਦੇ ਉਪਾਵਾਂ ਦੀ ਪਾਲਣਾ ਕਰੋ।

Your health matters

Help us help you